ਲੜੀ 1

# ਨਵੀਂ ਬੈਨੀਫਿੱਟ ਪਲਾਨ ਦੀਆਂ ਮੂਲ ਗੱਲਾਂ

# ਬੈਨੀਫਿੱਟ ਪ੍ਰਾਪਤ ਕਰਨ ਲਈ 87 ਘੰਟੇ

ਮਈ 2025 ਵਿੱਚ, ਸੈਮ ਨੇ 87 ਘੰਟੇ ਕੰਮ ਕੀਤਾ ਅਤੇ ਜੁਲਾਈ ਵਿੱਚ ਆਪਣੇ ਸਿਹਤ ਲਾਭ (ਹੈਲਥ ਬੈਨੀਫਿੱਟ) ਲੈਣ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ।

ਕੋਈ ਕਵਰੇਜ ਨਹੀਂ

## ਮਈ



ਸੈਮ ਨੇ ਮਈ ਵਿੱਚ **87 ਘੰਟੇ** ਕੰਮ ਕੀਤਾ।

ਕੋਈ ਕਵਰੇਜ ਨਹੀਂ

## ਜੂਨ

ਸੈਮ ਦਾ ਕੰਮ-ਮਾਲਕ **ਮਈ ਵਿੱਚ ਸੈਮ ਦੁਆਰਾ ਕੀਤੇ** ਕੰਮ ਦੇ ਘੰਟੇ ਬੈਨੀਫਿਟ ਪਲਾਨ ਦੇ ਪ੍ਰਸ਼ਾਸਕ, ਗਲੋਬਲ ਬੈਨੀਫਿਟਜ਼ ਨੂੰ **15 ਜੂਨ ਤੱਕ ਭੇਜ** ਦੇਵੇਗਾ।

ਕਵਰੇਜ!

## ਜੁਲਾਈ

**ਬੈਨੀਫਿੱਟ ਲੈਣ ਦੇ ਯੋਗ ਹੋਣ ਲਈ 87 ਘੰਟੇ ਲੋੜੀਂਦੇ ਹਨ।** ਮਈ ਵਿੱਚ ਕੀਤੇ ਕੰਮ ਦੇ ਘੰਟੇ (ਜੂਨ ਵਿੱਚ ਭੇਜੇ ਗਏ) **ਜੁਲਾਈ** ਵਿੱਚ ਸੈਮ ਲਈ ਬੈਨੀਫਿਟ ਲੈਣ ਦੀ ਸ਼ਰਤ ਪੂਰੀ ਕਰਨ ਲਈ ਕਾਫ਼ੀ ਹਨ।

87

GLOBAL BENEFITS

87




87 ਘੰਟਿਆਂ ਦੀ ਲੋੜ

# 87 ਘੰਟਿਆਂ ਤੋਂ ਵੱਧ ਕੰਮ ਕਰਨਾ

ਜੂਨ 2025 ਵਿੱਚ, ਸੈਮ ਨੇ 120 ਘੰਟੇ ਕੰਮ ਕੀਤਾ ਅਤੇ ਅਗਸਤ ਵਿੱਚ ਆਪਣੇ ਹੈਲਥ ਬੈਨੀਫਿੱਟ ਲੈਣ ਲਈ ਸ਼ਰਤ ਪੂਰੀ ਕੀਤੀ।
ਸੈਮ ਆਪਣੇ ਬੈਨੀਫਿੱਟ ਰਿਜ਼ਰਵ ਫੰਡ ਵਿੱਚ 33 ਘੰਟੇ ਬਚਾਉਣ ਦੇ ਯੋਗ ਹੋ ਗਿਆ ਸੀ।

## ਜੂਨ

ਕਵਰੇਜ!



ਸੈਮ ਨੇ ਜੂਨ ਵਿੱਚ **120 ਘੰਟੇ** ਕੰਮ ਕੀਤਾ

120

## ਜੁਲਾਈ

ਕਵਰੇਜ!

ਸੈਮ ਦਾ ਕੰਮ-ਮਾਲਕ **ਜੂਨ ਵਿੱਚ ਸੈਮ ਦੁਆਰਾ ਕੀਤੇ ਕੰਮ ਦੇ ਘੰਟੇ** ਗਲੋਬਲ ਬੈਨੀਫਿੱਟਜ਼ ਨੂੰ **15 ਜੁਲਾਈ ਤੱਕ ਭੇਜ ਦੇਵੇਗਾ।**

120

33

## ਅਗਸਤ

ਕਵਰੇਜ!

ਸੈਮ ਦੁਆਰਾ ਜੂਨ ਵਿੱਚ ਕੀਤੇ ਕੰਮ ਦੇ **120 ਘੰਟਿਆਂ** ਵਿੱਚੋਂ, ਅਗਸਤ ਵਿੱਚ ਉਸ ਨੂੰ ਬੈਨੀਫਿੱਟ ਲੈਣ ਦੀ ਸ਼ਰਤ ਪੂਰੀ ਕਰਨ ਲਈ ਸਿਰਫ **87** ਘੰਟਿਆਂ ਦੀ ਲੋੜ ਹੈ।
**33 ਵਾਧੂ ਘੰਟੇ ਸੈਮ ਦੇ ਬੈਨੀਫਿੱਟ ਰਿਜ਼ਰਵ ਫੰਡ** ਵਿੱਚ ਜੋੜੇ ਗਏ ਹਨ।

87




87 ਘੰਟਿਆਂ ਦੀ ਲੋੜ

33

ਨੋਟ:
ਤੁਸੀਂ ਵੱਧ ਤੋਂ ਵੱਧ 174 ਘੰਟੇ ਜੋੜ ਕੇ ਰੱਖ ਸਕਦੇ ਹੋ।

# 87 ਘੰਟਿਆਂ ਤੋਂ ਘੱਟ ਕੰਮ ਕਰਨਾ

ਜੁਲਾਈ 2025 ਵਿੱਚ, ਸੈਮ ਨੇ 70 ਘੰਟੇ ਕੰਮ ਕੀਤਾ ਅਤੇ ਸਤੰਬਰ ਵਿੱਚ ਆਪਣੇ ਹੈਲਥ ਬੈਨੀਫਿਟ ਲੈਣ ਦੀ ਸ਼ਰਤ ਪੂਰੀ ਕਰਨ ਲਈ ਉਸ ਕੋਲ 17 ਘੰਟੇ ਘੱਟ ਸਨ। ਫਿਰ ਵੀ, ਉਸ ਦੇ ਬੈਨੀਫਿੱਟ ਰਿਜ਼ਰਵ ਫੰਡ ਵਿੱਚ ਪਏ 33 ਘੰਟਿਆਂ ਦੇ ਨਾਲ ਉਸ ਕੋਲ ਸਤੰਬਰ ਵਿੱਚ ਬੈਨੀਫਿੱਟ ਲੈਣ ਦੀ ਸ਼ਰਤ ਪੂਰੀ ਕਰਨ ਲਈ ਉਚਿਤ ਘੰਟੇ ਹੋਣਗੇ।

ਕਵਰੇਜ!

## ਜੁਲਾਈ



ਸੈਮ ਨੇ ਜੁਲਾਈ ਵਿੱਚ **70 ਘੰਟੇ** ਕੰਮ ਕੀਤਾ।

70

ਕਵਰੇਜ!

## ਅਗਸਤ

ਸੈਮ ਦਾ ਕੰਮ-ਮਾਲਕ **ਜੁਲਾਈ ਵਿੱਚ ਸੈਮ ਦੁਆਰਾ ਕੀਤੇ ਕੰਮ ਦੇ ਘੰਟੇ** ਗਲੋਬਲ ਬੈਨੀਫਿੱਟਜ਼ ਨੂੰ **15 ਅਗਸਤ ਤੱਕ ਭੇਜ** ਦੇਵੇਗਾ।

GLOBAL BENEFITS

70

ਕਵਰੇਜ!

## ਸਤੰਬਰ

ਸੈਮ ਲਈ ਕਵਰੇਜ ਪ੍ਰਾਪਤ ਕਰਨ ਲਈ 70 ਘੰਟੇ **ਕਾਫ਼ੀ ਨਹੀਂ** ਹਨ। 87 ਘੰਟਿਆਂ ਤੱਕ ਪਹੁੰਚਣ ਅਤੇ ਸ਼ਰਤ ਪੂਰੀ ਕਰਨ ਲਈ, ਸੈਮ ਦੇ **ਬੈਨੀਫਿੱਟ ਰਿਜ਼ਰਵ ਫੰਡ** ਵਿੱਚੋਂ 17 ਘੰਟੇ ਲਏ ਜਾਂਦੇ ਹਨ।




87 ਘੰਟਿਆਂ ਦੀ ਲੋੜ

17

**ਸੈਮ ਕੋਲ 87 ਘੰਟਿਆਂ ਵਿੱਚੋਂ 17 ਘੰਟੇ ਘੱਟ ਹਨ**

16

ਨੋਟ:
ਬੈਨੀਫਿੱਟ ਰਿਜ਼ਰਵ ਫੰਡ ਵਿੱਚ 16 ਘੰਟੇ ਬਾਕੀ ਬਚੇ ਹਨ।

# 87 ਘੰਟਿਆਂ ਤੋਂ ਘੱਟ ਕੰਮ ਕਰਨਾ ਅਤੇ ਡਾਇਰੈਕਟ ਪੇਅ

ਅਗਸਤ 2025 ਵਿੱਚ, ਸੈਮ ਨੇ 34 ਘੰਟੇ ਕੰਮ ਕੀਤਾ ਅਤੇ ਅਕਤੂਬਰ ਵਿੱਚ ਹੈਲਥ ਬੈਨੀਫਿਟ ਲੈਣ ਦੀ ਸ਼ਰਤ ਪੂਰੀ ਕਰਨ ਲਈ ਉਸ ਕੋਲ 53 ਘੰਟੇ ਘੱਟ ਸਨ।
ਸੈਮ ਦੇ ਬੈਨੀਫਿਟ ਰਿਜ਼ਰਵ ਫੰਡ ਵਿੱਚ ਪਏ ਘੰਟੇ ਉਸ ਦੀ ਕਵਰੇਜ ਦੀ ਸ਼ਰਤ ਪੂਰੀ ਕਰਨ ਲਈ ਕਾਫ਼ੀ ਨਹੀਂ ਹਨ।
ਸੈਮ ਡਾਇਰੈਕਟ ਪੇਅ ਪ੍ਰੀਮੀਅਮ ਵਾਲੀ ਚੋਣ ਰਾਹੀਂ ਆਪਣੀ ਬੈਨੀਫਿਟ ਕਵਰੇਜ ਨੂੰ ਬਣਾਈ ਰੱਖਣ ਦੇ ਯੋਗ ਹੈ।

ਕਵਰੇਜ!

## ਅਗਸਤ



ਸੈਮ ਨੇ ਅਗਸਤ, 2025 ਵਿੱਚ **34 ਘੰਟੇ** ਕੰਮ ਕੀਤਾ।

34

ਕਵਰੇਜ!

## ਸਤੰਬਰ

ਸੈਮ ਦਾ ਕੰਮ-ਮਾਲਕ **ਅਗਸਤ ਵਿੱਚ ਸੈਮ ਦੁਆਰਾ ਕੀਤੇ ਕੰਮ ਦੇ ਘੰਟੇ** ਗਲੋਬਲ ਬੈਨੀਫਿਟਜ਼ ਨੂੰ **15 ਸਤੰਬਰ ਤੱਕ ਭੇਜ** ਦੇਵੇਗਾ।

GLOBAL BENEFITS

ਕਵਰੇਜ!

## ਅਕਤੂਬਰ

ਸੈਮ ਲਈ ਕਵਰੇਜ ਪ੍ਰਾਪਤ ਕਰਨ ਲਈ **34 ਘੰਟੇ ਕਾਫ਼ੀ ਨਹੀਂ ਹਨ।**
87 ਘੰਟਿਆਂ ਤੱਕ ਪਹੁੰਚਣ ਅਤੇ ਬੈਨੀਫਿਟ ਕਵਰੇਜ ਦੀ ਸ਼ਰਤ ਪੂਰੀ ਕਰਨ ਲਈ, ਸੈਮ ਦੇ ਬੈਨੀਫਿਟ ਰਿਜ਼ਰਵ ਫੰਡ ਵਿੱਚੋਂ 16 ਘੰਟੇ ਲਏ ਜਾਂਦੇ ਹਨ ਅਤੇ **ਇਸ ਤੋਂ ਇਲਾਵਾ** ਸੈਮ ਨੂੰ ਅਕਤੂਬਰ ਵਿੱਚ ਕਵਰੇਜ ਪ੍ਰਾਪਤ ਕਰਨ ਲਈ **87 ਘੰਟਿਆਂ ਤੱਕ ਪਹੁੰਚਣ ਲਈ ਵਾਧੂ 37 ਘੰਟਿਆਂ ਲਈ ਡਾਇਰੈਕਟ ਪੇਅ ਕਰਨ** ਦੀ ਲੋੜ ਹੈ।

34




**87 ਘੰਟਿਆਂ ਦੀ ਲੋੜ**

16

37

0

ਨੋਟ: ਬੈਨੀਫਿਟ ਰਿਜ਼ਰਵ ਫੰਡ ਵਿੱਚ ਜ਼ੀਰੋ ਘੰਟੇ ਬਚੇ ਹਨ।

**ਸੈਮ ਕੋਲ 87 ਵਿੱਚੋਂ 53 ਘੰਟੇ ਘੱਟ ਹਨ**



ਨੋਟ: ਇਹ ਭੁਗਤਾਨ **ਮਰਜ਼ੀ ਅਨੁਸਾਰ** ਹੈ। ਵਧੇਰੇ ਜਾਣਕਾਰੀ ਲਈ www.JusticeforJanitors.ca/New-Benefit-Plan ਵੇਖੋ।